ਜਿੰਮੇਵਾਰ ਬਣੋ – ਵੋਟਰ ਬਣੋ

ਦਫ਼ਤਰ ਈ.ਆਰ.ਓ. 16-ਅੰਮ੍ਰਿਤਸਰ ਪੱਛਮੀ (ਅ.ਜ.)-ਕਮ-ਏ.ਈ.ਟੀ.ਸੀ.(ਮੋਬਾਇਲਵਿੰਗ), ਅੰਮ੍ਰਿਤਸਰ।

**OFFICE OF THE**

**E.R.O. 16-AMRITSAR WEST (SC)-CUM-A.E.T.C. (M.W.), AMRITSAR**

Phone No. 0183-2580460 Email - <ero16amritsarwest@gmail.com>

ਸੇਵਾ ਵਿਖੇ,

1. ਸਰਕਾਰੀ ਸੀ.ਸ.ਸਕੂਲ ਘਨੂਪੁਰ,ਅੰਮ੍ਰਿਤਸਰ।
2. ਸਰਕਾਰੀ ਸੈਕੰਡਰੀ ਸਕੂਲ ਪੁਤਲੀਘਰ ਛੇਹਰਟਾ,(ਬੇਦੀ ਸਕੂਲ) ਅੰਮ੍ਰਿਤਸਰ।
3. ਖਾਲਸਾ ਕਾਲਜ ਸੀਨੀ.ਸੈਕੰ.ਸਕੂਲ ਅੰਮ੍ਰਿਤਸਰ।
4. ਸਰਕਾਰੀ ਸੈਕੰਡਰੀ ਸਕੂਲ ਲੜਕੇ ਕੋਟ ਖਾਲਸਾ ਅੰਮ੍ਰਿਤਸਰ।
5. ਸਰਕਾਰੀ ਸੈਕੰਡਰੀ ਸਕੂਲ ਲੜਕੇ ਗੁਮਾਨਪੁਰਾ, ਅੰਮ੍ਰਿਤਸਰ।
6. ਸਰਕਾਰੀ ਸੈਕੰਡਰੀ ਸਕੂਲ ਲੜਕੇ ਵਡਾਲੀ, ਅੰਮ੍ਰਿਤਸਰ।
7. ਸਰਕਾਰੀ ਸੈਕੰਡਰੀ ਸਕੂਲ ਲੜਕੇ ਢਪੱਈ, ਅੰਮ੍ਰਿਤਸਰ।
8. ਸਰਕਾਰੀ ਸੈਕੰਡਰੀ ਸਕੂਲ ਛੇਹਰਟਾ ਜੀ.ਟੀ ਰੋਡ, ਅੰਮ੍ਰਿਤਸਰ।
9. ਛੇਹਰਟਾ ਗਰਲਜ਼ ਸੀ.ਸੈਕੰ.ਸਕੂਲ ਜੀ.ਟੀ.ਰੋਡ ਛੇਹਰਟਾ, ਅੰਮ੍ਰਿਤਸਰ।

ਪੱਤਰ ਨੰ:ਚੋਣ-2016/2700 ਮਿਤੀ:04.11.16

**ਵਿਸ਼ਾ:** ਵੋਟਰ ਸੂਚੀ ਦੀ ਸੁਧਾਈ, ਸਾਲ 2017 ਦੌਰਾਨ- 18-19 ਸਾਲ ਦੀ ਉਮਰ ਵਾਲੇ ਵੋਟਰਾਂ ਦੀ ਵੱਧ ਰਜਿਸ਼ਟਰੇਸ਼ਨ ਕਰਨ ਸਬੰਧੀ **ਮਿਤੀ 08.11.2016 ਸਮਾਂ ਸਵੇਰੇ 11:00ਵਜੋਂ ਮੀਟਿੰਗ।**

ਉਪਰੋਕਤ ਵਿਸ਼ੇ ਪੁਰ ਜਿਲ੍ਹਾ ਚੋਣ ਦਫਤਰ -ਕਮ-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਦੇ ਪੱਤਰ ਨੰ:ਚੋਣ-2016/1058 ਮਿਤੀ 01 ਨਵੰਬਰ, 2016 ਦੇ ਹਵਾਲੇ ਵਿਚ।

ਹਵਾਲੇ ਅਧੀਨ ਪੱਤਰ ਦੇ ਸਬੰਧ ਵਿਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੁੱਖ ਚੋਣ ਅਫ਼ਸਰ ਪੰਜਾਬ, ਚੰਡੀਗੜ੍ਹ ਵੱਲੋ ਜਾਰੀ ਹਦਾਇਤਾਂ ਅਨੁਸਾਰ ਵਿਸ਼ਾ ਅਧੀਨ ਸੁਧਾਈ ਦੌਰਾਨ 18-19 ਸਾਲ ਵਾਲੇ ਵਰਗ ਦੇ ਨਾਗਰਿਕਾਂ ਦੀ ਵੱਧ ਤੋਂ ਵੱਧ ਰਜਿਸ਼ਟਰੇਸ਼ਨ ਕੀਤੀ ਜਾਣੀ ਹੈ।ਇਸ ਸਬੰਧ ਵਿਚ ਨਿਮਨ ਹਸਤਾਖਰ ਵੱਲੋ ਮਿਤੀ 08.11.2016 ਨੂੰ ਸਵੇਰੇ 11:00ਵਜੋਂ ਦਫ਼ਤਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ (ਮੋਬਾਇਲਵਿੰਗ) ਤਹਿਸੀਲਪੁਰਾ ਅੰਮ੍ਰਿਤਸਰ ਵਿਖੇ ਆਪ ਨਾਲ ਮੀਟਿੰਗ ਰੱਖੀ ਗਈ ਹੈ।ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮੀਟਿੰਗ ਵਿਚ ਨਿੱਜੀ ਤੋਰ ਤੇ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ।

ਇਸ ਤੋਂ ਇਲਾਵਾ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਆਪ ਦੇ ਸਕੂਲ ਵਿਚ ਕੋਈ 18-19 ਸਾਲ ਵਾਲਾ ਵਿਦਿਆਰਥੀ ਜਿਸ ਦੀ ਵੋਟ ਬਣਨੀ ਰਹਿ ਗਈ ਹੈ, ਦਾ ਫਾਰਮ ਨੰਬਰ 6 ਭਰ ਕੇ ਇਸ ਦਫ਼ਤਰ ਵਿਚ ਮੀਟਿੰਗ ਦੋਰਾਨ ਨਾਲ ਲਿਆਂਦੇ ਜਾਣ।ਅਗਰ ਆਪ ਪਾਸ ਫਾਰਮ ਨੰਬਰ 6 ਉਪਲਬਧ ਨਹੀਂ ਹੈ, ਤਾਂ ਆਪਣੇ ਦਫ਼ਤਰ ਦੇ ਕਿਸੇ ਕਰਮਚਾਰੀ ਨੂੰ ਭੇਜ਼ ਕੇ ਫਾਰਮ ਇਸ ਦਫ਼ਤਰ ਤੋਂ ਪ੍ਰਾਪਤ ਕਰ ਲਏ ਜਾਣ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਸਰਟੀਫੀਕੇਟ ਵੀ ਦਿੱਤਾ ਜਾਵੇ ਕਿ ਆਪ ਦੇ ਸਕੂਲ ਵਿਚ 18-19 ਸਾਲ ਵਾਲੇ ਸਾਰੇ ਵਿਦਿਆਰਥੀਆਂ ਦੀ ਵੋਟ ਬਣ ਚੁੱਕੀ ਹੈ।

ਸਹੀ/-

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
016-ਅੰਮ੍ਰਿਤਸਰ ਪੱਛਮੀ (ਅ.ਜ) ਵਿਧਾਨ ਸਭਾ ਚੋਣ ਹਲਕਾ
ਕਮ-ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ (ਮੋਬਾਇਲਵਿੰਗ) ਅੰਮ੍ਰਿਤਸਰ।

ਪਿੱਠ ਅਕਣ ਨੰ:-270103 ਮਿਤੀ: 04 ਨਵੰਬਰ, 2016

ਉਤਾਰਾ:-

1. ਇਸ ਦਾ ਇੱਕ ਉਤਾਰਾ ਜਿਲਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਦਾ ਹੈ।
2. ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ-016-ਅੰਮ੍ਰਿਤਸਰ ਪੱਛਮੀ-ਕਮ-ਜਿਲ੍ਹਾ ਸਿੱਖਿਆ ਅਫਸਰ, ਅੰਮ੍ਰਿਤਸਰ-1 ਨੂੰ ਮੀਟਿੰਗ ਵਿਚ ਹਾਜਰ ਹੋਣ ਸਬੰਧੀ ਭੇਜਿਆ ਜਾਂਦਾ ਹੈ।
3. ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਨੂੰ ਭੇਜ਼ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉੱਕਤ ਪ੍ਰਿਸੀਪਲਾਂ/ਸਕੂਲਾਂ ਦੇ ਮੁੱਖੀਆਂ ਨੂੰ ਉੱਕਤ ਸ਼ਡਿਊਲ ਅਨੁਸਾਰ ਮੀਟਿੰਗ ਵਿਚ ਹਾਜਰ ਹੋਣ ਸਬੰਧੀ ਹਦਾਇਤ ਕੀਤੀ ਜਾਵੇ ਅਤੇ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

ਸਹੀ/-

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
016-ਅੰਮ੍ਰਿਤਸਰ ਪੱਛਮੀ (ਅ.ਜ) ਵਿਧਾਨ ਸਭਾ ਚੋਣ ਹਲਕਾ
ਕਮ-ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ (ਮੋਬਾਇਲਵਿੰਗ) ਅੰਮ੍ਰਿਤਸਰ।